2

# ਕੋਈ ਤੁਹਾਨੂੰ ਪਿਆਰ ਕਰਦਾ ਹੈ

ਇਸ ਪਾਠ ਵਿਚ ਉਸ ਤੇ ਜ਼ੋਰ ਦਿੱਤਾ ਗਿਆ ਹੈ ਜੋ *ਤੁਹਾਨੂੰ ਕਰਨਾ* ਚਾਹੀਦਾ ਹੈ, ਪਰ ਮੈਂ ਇਹ ਪ੍ਰਭਾਵ ਨਹੀਂ ਛੱਡਾਂਗਾ ਕਿ ਜੋ ਅਸੀਂ ਕਿਸੇ ਵੀ ਤਰ੍ਹਾਂ ਕਰਦੇ ਹਾਂ ਉਹਦੀ ਤੁਲਨਾ ਉਸ ਨਾਲ ਕੀਤੀ ਜਾਵੇ ਜੋ ਪ੍ਰਮੇਸ਼ਵਰ ਨੇ ਸਾਡੇ ਲਈ ਕੀਤਾ ਹੈ। ਇਹ ਪਾਠ ਪ੍ਰਮੇਸ਼ਵਰ ਦੇ ਪਿਆਰ ਬਾਰੇ ਹੈ। ਇਸ ਨਾਲ ਇਹ ਵਿਸ਼ਾ ਕਮਜ਼ੋਰ ਨਹੀਂ ਹੋਵੇਗਾ, ਸਗੋਂ ਇਸ ਰੋਮਾਂਚਕ ਵਿਸ਼ੇ ਤੋਂ ਜਾਣੂ ਕਰਵਾ ਦੇਵੇਗਾ।

## ਪਾਪ ਵਿਚ ਗੁਆਚਿਆ ਹੋਇਆ

ਪ੍ਰਮੇਸ਼ਵਰ ਦੇ ਪਿਆਰ ਨੂੰ ਸਮਝਣ ਤੋਂ ਪਹਿਲਾਂ, ਸਾਡੇ ਲਈ ਉਸ ਪਿਆਰ ਲਈ ਆਪਣੀ ਲੋੜ ਦਾ ਪਤਾ ਹੋਣਾ ਜ਼ਰੂਰੀ ਹੈ। ਪ੍ਰਮੇਸ਼ਵਰ ਵੱਲੋਂ ਆਪਣਾ ਪਿਆਰ ਵਿਖਾਉਣ ਤੋਂ ਪਹਿਲਾਂ ਮਨੁੱਖ ਪਾਪ ਵਿਚ ਗੁਆਚਿਆ ਹੋਇਆ ਸੀ, ਉਹ ਨਿਰਾਸ਼ ਅਤੇ ਲਾਚਾਰ ਸੀ।

''ਪਾਪ ਵਿਚ ਗੁਆਚਿਆ ਹੋਇਆ'' ਕਹਿਣ ਤੋਂ ਮੇਰਾ ਭਾਵ ਮਨੁੱਖ ਦਾ ਆਪਣਾ ਪਾਪ ਹੈ, ਨਾ ਕਿ ਆਦਮ ਦੇ ਪਾਪ ਕਰਕੇ। ਕੁਝ ਲੋਕਾਂ ਦਾ ਕਹਿਣਾ ਹੈ ਕਿ ਨਵ ਜੰਮੇ ਬੱਚੇ ਵਿਚ ਆਦਮ ਦੇ ਪਾਪ ਦਾ ਦੋਸ਼ ਹੁੰਦਾ ਹੈ। ਪਰ ਬਾਈਬਲ ਸਿਖਾਉਂਦੀ ਹੈ ਕਿ ਨਵ ਜੰਮਿਆ ਬੱਚਾ ਪਵਿੱਤਰ ਅਤੇ ਨਿਹਕਲੰਕ ਹੁੰਦਾ ਹੈ। ਯਿਸੂ ਨੇ ਕਿਹਾ, ''ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜੇ ਤੁਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਗ ਨਾ ਬਣੋ ਤਾਂ ਸਵਰਗ ਦੇ ਰਾਜ ਵਿਚ ਕਦੇ ਨਾ ਵੜੋਗੇ'' (ਮੱਤੀ 18:3)। ਫਿਰ, ਬੱਚਿਆਂ ਦੀ ਗੱਲ ਕਰਦਿਆਂ ਉਹਨੇ ਕਿਹਾ, ''ਸਵਰਗ ਦਾ ਰਾਜ ਇਹੋ ਜਿਹਿਆਂ ਦਾ ਹੈ'' (ਮੱਤੀ 19:14)।

ਹਿਜ਼ਕੀਏਲ ਨਬੀ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਹਰ ਮਨੁੱਖ ਆਪਣੇ ਹੀ ਪਾਪਾਂ ਦਾ ਆਪ ਜ਼ਿੰਮੇਵਾਰ ਹੈ, ਆਪਣੇ ਮਾਂ-ਪਿਓ ਦੇ ਪਾਪਾਂ ਦਾ ਨਹੀਂ:

> ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ। ਪੁੱਤਰ ਪਿਓ ਦੀ ਬਦੀ ਨਾ ਚੁੱਕੇਗਾ, ਨਾ ਪਿਓ ਪੁੱਤਰ ਦੀ ਬਦੀ ਚੁੱਕੇਗਾ। ਧਰਮੀ ਦਾ ਧਰਮ ਉਹਦੇ ਲਈ ਹੋਵੇਗਾ ਅਤੇ ਦੁਸ਼ਟ ਦਾ ਦੋਸ਼ ਉਹਦੇ ਉੱਤੇ (ਹਿਜ਼ਕੀਏਲ 18:20)।

ਮਾਪਿਆਂ ਤੋਂ ਮਿਰਾਸ ਵਿਚ ਤੁਹਾਨੂੰ ਪਾਪਾਂ ਦੇ *ਨਤੀਜੇ* ਮਿਲ ਸਕਦੇ ਹਨ, ਪਰ ਤੁਹਾਨੂੰ

ਆਪਣੇ ਪਿਤਾ ਦੇ ਪਾਪ ਦਾ *ਦੋਸ਼* ਮਿਰਾਸ ਵਿਚ ਨਹੀਂ ਮਿਲ ਸਕਦਾ।[1] ਅਸੀਂ ਆਦਮ ਦੇ ਪਾਪ ਦਾ ਨਤੀਜਾ ਭੁਗਤਦੇ ਹਾਂ ਜੋ ਕਿ ਸਰੀਰਕ ਮੌਤ ਹੈ (ਉਤਪਤ 3:3) ਪਰ ਸਾਨੂੰ ਉਹਦੇ ਪਾਪ ਦਾ ਦੋਸ਼ ਮਿਰਾਸ ਵਿਚ ਨਹੀਂ ਮਿਲਦਾ।

ਜਨਮ ਸਮੇਂ ਅਸੀਂ ਨਿਹਕਲੰਕ ਅਤੇ ਪਵਿੱਤਰ ਹੁੰਦੇ ਹਾਂ। ਵੱਡੇ ਹੋਣ ਦੇ ਨਾਲ-ਨਾਲ ਸਾਨੂੰ ਭਲੇ-ਬੁਰੇ ਦਾ ਗਿਆਨ ਹੋ ਜਾਂਦਾ ਹੈ। ਆਪ ਗਲਤ ਕਰਨਾ ਚੁਣਨ ਤੇ ਹੀ ਅਸੀਂ ਪਾਪੀ ਹੁੰਦੇ ਹਾਂ। ਇਹ ''ਜ਼ਿੰਮੇਵਾਰੀ ਵਾਲੀ ਉਮਰ'' ਵੱਖ ਵੱਖ ਲੋਕਾਂ ਲਈ, ਪਿਛੋਕੜ, ਸਿੱਖਿਆ ਅਤੇ ਵਿਹਾਰ ਕਾਰਣ ਵੱਖੋ-ਵੱਖ ਉਮਰ ਵਿਚ ਆਉਂਦੀ ਹੈ। ਯਹੂਦੀਆਂ ਨੇ ਇਹ ਉਮਰ ਤੇਰਾਂ ਸਾਲ ਦੇ ਕਰੀਬ ਠਹਿਰਾਈ ਹੋਈ ਸੀ,[2] ਪਰ ਹਰ ਕਿਸੇ ਦੇ ਲਈ ਸਾਲਾਂ ਵਿਚ ਫ਼ਰਕ ਹੋ ਸਕਦਾ ਹੈ।

ਇਸ ਕਾਰਣ, ਜਿਸ ਵਿਅਕਤੀ ਦੀ ਮੌਤ ਬਚਪਨ ਵਿਚ ਨਹੀਂ ਹੁੰਦੀ, ਉਹ ਪਾਪ ਕਰਨ ਤੇ ਹੀ ਪਾਪੀ ਠਹਿਰੇਗਾ। ''ਕੋਈ ਧਰਮੀ ਨਹੀਂ, ਇਕ ਵੀ ਨਹੀਂ।... ਸਭਨਾਂ ਨੇ ਪਾਪ ਕੀਤਾ ਅਤੇ ਪ੍ਰਮੇਸ਼ਵਰ ਦੇ ਪ੍ਰਤਾਪ ਤੋਂ ਰਹਿ ਗਏ ਹਨ'' (ਰੋਮੀਆਂ 3:10, 23)।

ਸਾਨੂੰ ''ਪਾਪ'' ਸ਼ਬਦ ਦਾ ਅਰਥ ਦੱਸਣ ਦੀ ਲੋੜ ਹੈ। ਯੂਨਾਨੀ ਸ਼ਬਦ ਦੇ ਅਨੁਵਾਦ ''ਪਾਪ'' ਦਾ ਅਰਥ ਹੈ ''ਨਿਸ਼ਾਨੇ ਤੋਂ ਖੁੰਝ ਜਾਣਾ।'' ਯੂਨਾਨੀ ਤੀਰਅੰਦਾਜ਼ ਦੇ ਨਿਸ਼ਾਨੇ ਤੋਂ ਭਟਕ ਜਾਣ ਤੇ ਕਿਹਾ ਜਾਂਦਾ ਸੀ ਕਿ ਉਹਨੇ ''ਪਾਪ ਕੀਤਾ'' ਹੈ। ਇਸੇ ਗੱਲ ਨੂੰ ਰੂਹਾਨੀ ਤੌਰ ਤੇ ਸਮਝਣ ਲਈ, ''ਨਿਸ਼ਾਨੇ'' (ਟੀਚੇ) ਨੂੰ ਪ੍ਰਮੇਸ਼ਵਰ ਦੀ ਇੱਛਾ ਦੇ ਰੂਪ ਵਿਚ ਮੰਨੋ। ਰੋਮੀਆਂ 3:23 ਵਿਚ ਇਹ ਐਲਾਨ ਕਰਨ ਦੇ ਬਾਅਦ ''ਸਭਨਾਂ ਨੇ ਪਾਪ ਕੀਤਾ'' ਦੇ ਨਾਲ ''ਅਤੇ ਪ੍ਰਮੇਸ਼ਵਰ ਦੇ ਪ੍ਰਤਾਪ ਤੋਂ *ਰਹਿ ਗਏ* ਹਨ'' ਜੋੜਿਆ ਗਿਆ ਹੈ।

ਬਾਈਬਲ ਵਿਚ ''ਪਾਪ'' ਲਈ ਇਕ ਹੋਰ ਸ਼ਬਦ ''ਅਪਰਾਧ'' ਵਰਤਿਆ ਗਿਆ ਹੈ। ਪਿਛਲੇ ਪਾਠ ਵਿਚ ਅਸੀਂ ਵੇਖਿਆ ਸੀ ਕਿ ਸ਼ਰ੍ਹਾ ''ਅਪਰਾਧਾਂ ਦੇ ਕਾਰਣ ਨਾਲ ਰਲਾਈ ਗਈ'' ਸੀ (ਗਲਾਤੀਆਂ 3:19)। ''ਅਪਰਾਧ'' ਸ਼ਬਦ (ਯੂਨਾਨੀ ਦੇ ਸ਼ਬਦ ਵਾਂਗ) ਦਾ ਮੂਲ ਅਰਥ ਹੈ ''ਅੱਗੇ ਨਿੱਕਲ ਜਾਣਾ।''[3] ਇਕ ਆਇਤ ਹੈ ਜਿਹੜੀ ਇਸ ਵਿਚਾਰ ਨੂੰ ਦਰਸਾਉਂਦੀ ਹੈ, 2 ਯੂਹੰਨਾ 9ੳ: ''ਹਰ ਕੋਈ ਜਿਹੜਾ ਆਗੂ ਬਣ ਕੇ ਮਸੀਹ ਦੀ ਸਿੱਖਿਆ ਉੱਤੇ ਕਾਇਮ ਨਹੀਂ ਰਹਿੰਦਾ।'' ਅੰਗ੍ਰੇਜ਼ੀ ਬਾਈਬਲ ਦੇ ਕਿੰਗ ਜੇਮਸ ਵਾਲੇ ਅਨੁਵਾਦ ਵਿਚ ਇਸ ਤਰ੍ਹਾਂ ਲਿਖਿਆ ਹੈ ''ਜੋ ਕੋਈ ਅਪਰਾਧ ਕਰਦਾ ਹੈ, ਅਤੇ ਮਸੀਹ ਦੀ ਸਿੱਖਿਆ ਵਿਚ ਬਣਿਆ ਨਹੀਂ ਰਹਿੰਦਾ, ਉਹਦੇ ਕੋਲ ਪ੍ਰਮੇਸ਼ਵਰ ਨਹੀਂ ਹੈ।''

ਤੀਰਅੰਦਾਜ਼ੀ ਦੀ ਉਦਾਹਰਣ ਜਾਰੀ ਰੱਖਦੇ ਹੋਏ, ਅਸੀਂ ਅਪਰਾਧ ਨੂੰ ਪ੍ਰਮੇਸ਼ਵਰ ਦੀ ਇੱਛਾ ਦੇ *ਉੱਪਰੋਂ ਦੀ* ਲੰਘਦੇ ਜਾਂ ਤੀਰ ਨੂੰ ਨਿਸ਼ਾਨੇ ਦੇ *ਉੱਪਰੋਂ ਦੀ* ਲੰਘਣ ਦੇ ਰੂਪ ਵਿਚ ਸਮਝ ਸਕਦੇ ਹਾਂ।

ਕਈ ਵਾਰ ਲੋਕ ''ਭੁੱਲ ਚੁੱਕ ਦੇ ਪਾਪ'' ਦੀ ਗੱਲ ਕਰਦੇ ਹਨ। ''ਭੁੱਲ ਦਾ ਪਾਪ'' ਉਹ ਕਰਨ ਵਿਚ ਨਕਾਮ ਹੋਣਾ ਹੈ ਜੋ ਸਾਨੂੰ ਕਰਨਾ ਚਾਹੀਦਾ ਹੈ (ਪ੍ਰਮੇਸ਼ਵਰ ਦੀਆਂ ਉਮੀਦਾਂ ਤੇ ਪੂਰਾ ਨਾ ਉੱਤਰਨਾ)।[4] ''ਚੁੱਕ ਦਾ ਪਾਪ'' ਉਹ ਹੈ ਜਿਸ ਵਿਚ ਅਸੀਂ ਉਹ ਕਰਦੇ ਹਾਂ ਜੋ ਸਾਨੂੰ ਨਹੀਂ ਕਰਨਾ ਚਾਹੀਦਾ (ਉਨ੍ਹਾਂ ਹੱਦਾਂ ਤੋਂ ਅੱਗੇ ਨਿੱਕਲ ਜਾਣਾ ਜਿਹੜੀਆਂ ਪ੍ਰਮੇਸ਼ਵਰ ਨੇ ਸਾਡੇ ਲਈ ਠਹਿਰਾਈਆਂ ਹਨ)।

''ਪਾਪ'' ਲਈ ਇਕ ਹੋਰ ਸ਼ਬਦ ਹੈ ''ਕੁਧਰਮ।''[5] ਯਾਕੂਬ 3:6 ਵਿਚ ''ਕੁਧਰਮ ਦੀ ਦੁਨੀਆਂ'' ਦੀ ਗੱਲ ਕੀਤੀ ਹੈ। ਅਨੁਵਾਦ ਹੋਏ ਸ਼ਬਦ ''ਕੁਧਰਮ'' ਤੋਂ ਅਨਿਆਂ ਦਾ ਪਤਾ ਲਗਦਾ ਹੈ। ਯਸਾਯਾਹ 53:6 ਵਿਚ ਕੁਧਰਮ ਦੀ ਗੱਲ ਦਾ ਇਕ ਇਜ਼ਹਾਰ ਮਿਲਦਾ ਹੈ: ''ਅਸੀਂ ਸਾਰੇ ਭੇਡਾਂ ਵਾਂਙੂ ਭੁੱਲੇ ਫਿਰਦੇ ਸਾਂ, ਅਸੀਂ ਆਪਣੇ ਆਪਣੇ ਰਾਹਾਂ ਨੂੰ ਮੁੜੇ ਅਤੇ ਯਹੋਵਾਹ ਨੇ ਸਾਡੇ ਸਾਰਿਆਂ ਦੀ ਬਦੀ ਉਸ ਉੱਤੇ ਲੱਦ ਦਿੱਤੀ।'' ''ਅਸੀਂ ਆਪਣੇ-ਆਪਣੇ ਰਾਹਾਂ ਨੂੰ ਮੁੜੇ'' ਵਾਕਾਂਸ਼ ਤੇ ਧਿਆਨ ਦਿਓ: ਇਹ ਪ੍ਰਮੇਸ਼ਵਰ ਦੇ ਰਾਹ ਦੀ ਬਜਾਏ ਆਪਣੇ ਹੀ ਰਾਹ ਤੇ ਜਾਣ ਦੀ ਗੱਲ ਹੈ। ਤੀਰਅੰਦਾਜ਼ੀ ਦੀ ਉਦਾਹਰਣ ਵਰਤਣ ਨਾਲ ਅਸੀਂ ਤੀਰਅੰਦਾਜ਼ ਨੂੰ ਨਿਸ਼ਾਨਾ ਲਾਉਣ ਸਮੇਂ ਨਿਸ਼ਾਨੇ ਤੋਂ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਿਆਂ ਵਿਖਾ ਸਕਦੇ ਹਾਂ।

ਕੁਝ ਲੋਕਾਂ ਲਈ ਇਹ ਬਹੁਤ ਵੱਡੀ ਗੱਲ ਨਹੀਂ ਹੈ ਕਿ ਉਹ ਪ੍ਰਮੇਸ਼ਵਰ ਨੂੰ ਖ਼ੁਸ਼ ਕਰਨ ਲਈ ''ਨਿਸ਼ਾਨਾ ਲਗਾ'' ਰਹੇ ਹਨ ਪਰ ਉਹ ਕਾਮਯਾਬ ਨਹੀਂ ਹੁੰਦੇ। ਮੁਸ਼ਕਲ ਇਹ ਹੈ ਕਿ ਉਹ ਪਰਵਾਹ ਨਹੀਂ ਕਰਦੇ ਕਿ ਪ੍ਰਮੇਸ਼ਵਰ ਦੀ ਆਗਿਆ ਦਾ ਪਾਲਣ ਕਰਨਾ ਹੈ ਜਾਂ ਨਹੀਂ। ਉਹ ਆਪਣੀ ਮਰਜ਼ੀ ਨਾਲ ਜੀਉਣਾ ਚਾਹੁੰਦੇ ਹਨ। ਉਹ ਢੀਠ ਹੋ ਕੇ ਆਪਣੇ ਹੀ ਢੰਗ ਨਾਲ ਚੱਲਦੇ ਹਨ।

ਜ਼ਰਾ ਰੁਕੋ ਅਤੇ ਪਾਪ ਕਰਨ ਦੇ ਇਨ੍ਹਾਂ ਤਿੰਨ ਆਮ ਢੰਗਾਂ ਦੇ ਵਿਸ਼ੇ ਉੱਤੇ ਵਿਚਾਰ ਕਰੋ: ਜੋ

ਕੁਝ ਸਾਨੂੰ ਕਰਨਾ ਚਾਹੀਦਾ ਹੈ, ਉਹ ਨਾ ਕਰ ਪਾਉਣਾ, ਜੋ ਸਾਨੂੰ ਪਾਤ ਹੈ ਕਿ ਗਲਤ ਹੈ ਉਹੀ ਕਰਨਾ, ਪ੍ਰਮੇਸ਼ਵਰ ਦੀ ਇੱਛਾ ਨੂੰ ਪੂਰੀ ਤਰ੍ਹਾਂ ਨਾਲ ਅਣਗੌਲਿਆਂ ਕਰਨਾ। ਇਸ ਵਿਚ ਜੋੜ ਲਓ ਕਿ ਅਸੀਂ *ਕੰਮਾਂ* (ਯਾਕੂਬ 4:17), *ਗੱਲਾਂ* (ਮੱਤੀ 12:37), ਅਤੇ *ਖ਼ਿਆਲਾਂ* (ਮੱਤੀ 15:19) ਨਾਲ ਪਾਪ ਕਰ ਸਕਦੇ ਹਾਂ। ਇਨ੍ਹਾਂ ਸਭਨਾਂ ਨੂੰ ਇਕੱਠਾ ਕਰਕੇ, ਵਿਚਾਰ ਕਰੋ ਕਿ ਇਹ ਸੱਚਾਈਆਂ ਤੁਹਾਡੀ ਜ਼ਿੰਦਗੀ ਨਾਲ ਕਿਵੇਂ ਮੇਲ ਖਾਂਦੀਆਂ ਹਨ:

- ਕੀ ਤੁਸੀਂ ਕਦੇ ਉਹ ਕੰਮ *ਕਰਨ ਵਿਚ* ਨਕਾਮ ਹੋਏ ਹੋ ਜੋ ਤੁਹਾਨੂੰ ਕਰਨਾ ਚਾਹੀਦਾ ਹੈ?
- ਕੀ ਤੁਸੀਂ ਕਦੇ ਅਜਿਹੀਆਂ *ਗੱਲਾਂ* ਕਹੀਆਂ ਹਨ ਜਿਹੜੀਆਂ ਤੁਹਾਨੂੰ ਕਹਿਣੀਆਂ ਨਹੀਂ ਚਾਹੀਦੀਆਂ ਸਨ?
- ਕੀ ਤੁਹਾਡੇ *ਖ਼ਿਆਲ* ਕਦੇ ਪ੍ਰਮੇਸ਼ਵਰ ਦੀ ਇੱਛਾ ਦੇ ਖ਼ਿਲਾਫ਼ ਹੋਏ ਹਨ?

ਸੰਖੇਪ ਵਿਚ, ਕੀ ਤੁਸੀਂ ਇਹ ਮੰਨਣ ਲਈ ਤਿਆਰ ਹੋ ਕਿ ਤੁਸੀਂ ਪਾਪੀ ਹੋ? ਜਦ ਤਕ ਤੁਸੀਂ ਆਪਣੇ ਗੁਆਚੇ ਹੋਏ ਨੂੰ ਮੰਨਦੇ ਨਹੀਂ ਤਦ ਤਕ ਤੁਸੀਂ ਮੁਕਤੀ ਜਾਂ ਬਚਾਏ ਜਾਣ ਲਈ ਤਿਆਰ ਨਹੀਂ ਹੋ।

ਆਪਣੀ ਪਾਪ ਭਰੀ ਜ਼ਿੰਦਗੀ ਦਾ ਇਕਰਾਰ ਕਰਨਾ ਜ਼ਰੂਰੀ ਹੈ। ਇਹ ਸਮਝਣਾ ਵੀ ਜ਼ਰੂਰੀ ਹੈ ਕਿ *ਤੁਸੀਂ* ਆਪਣੇ ਪਾਪ ਦੇ ਦੋਸ਼ ਨੂੰ ਕਿਸੇ ਵੀ ਤਰ੍ਹਾਂ ਮਿਟਾ ਨਹੀਂ ਸਕਦੇ। ਇਕ ਆਮ ਗਲਤ ਫ਼ਹਿਮੀ ਹੈ ਕਿ ਜੇ ਕਿਸੇ ਦੇ ਚੰਗੇ ਕਰਮ ਉਹਦੀ ਜ਼ਿੰਦਗੀ ਵਿਚ ਪਾਈ ਜਾਣ ਵਾਲੀ ਬੁਰਾਈ ਨਾਲੋਂ ਬਹੁਤੇ ਹਨ ਤਾਂ ਉਹ ਚੰਗੇ ਕਰਮ ਉਹਦੀ ਬੁਰਾਈ ਨੂੰ ਢੱਕ ਲੈਂਦੇ ਹਨ। ਪਰ ਅਫ਼ਸੋਸ ਕਿ ਚੰਗੇ ਕਰਮ ਭਾਵੇਂ ਕਿੰਨੇ ਵੀ ਹੋਣ ਉਹ ਇਸ ਹਕੀਕਤ ਦੀ ਕਿ ਅਸੀਂ ਪ੍ਰਮੇਸ਼ਵਰ ਦਾ ਹੁਕਮ ਤੋੜਿਆ ਹੈ, ਕਿਸੇ ਵੀ ਤਰ੍ਹਾਂ ਨਾਲ ਕੀਮਤ ਨਹੀਂ ਚੁਕਾ ਸਕਦੇ।

ਮੰਨ ਲਓ ਕਿ ਤੁਸੀਂ ਆਪਣੇ ਬਿੱਲਾਂ ਦਾ ਭੁਗਤਾਨ ਨਹੀਂ ਕਰ ਰਹੇ ਅਤੇ ਤੁਹਾਡੇ ਉੱਤੇ ਕਰਜ਼ੇ ਦਾ ਬੋਝ ਵਧ ਗਿਆ ਹੈ। ਇਕ ਦਿਨ, ਤੁਸੀਂ ਵਿਚਾਰ ਕਰਦੇ ਹੋ, ''ਇਹ ਤਾਂ ਸਿਆਣਪ ਨਹੀਂ ਹੈ। ਹੁਣ ਤੋਂ, ਮੈਂ ਆਪਣੇ ਸਾਰੇ ਬਿੱਲਾਂ ਦਾ ਭੁਗਤਾਨ ਸਮੇਂ ਸਿਰ ਕਰਾਂਗਾ।'' ਹੁਣ ਮੰਨ ਲਓ ਕਿ ਤੁਸੀਂ ਇਮਾਨਦਾਰੀ ਨਾਲ ਹਰ ਸਾਲ, ਬਿੱਲ ਚੁਕਾ ਦਿੰਦੇ ਹੋ। ਇਹ ਬਹੁਤ ਚੰਗਾ ਹੋਵੇਗਾ ... ਪਰ ਤੁਹਾਡੇ ਸਿਰ ਤੇ ਜਿਹੜਾ ਕਰਜ਼ਾ ਪਹਿਲਾਂ ਸੀ ਉਹਦਾ ਕੀ ਬਣਿਆ? ਤੁਹਾਡੇ ਵੱਲੋਂ ਮੌਜੂਦਾ ਬਿੱਲਾਂ ਦਾ ਭੁਗਤਾਨ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਪਿਛਲਾ ਕਰਜ਼ਾ ਵੀ ਚੁਕਾ ਦਿੱਤਾ ਗਿਆ ਹੈ।

ਇਸੇ ਤਰ੍ਹਾਂ, ਜਦ ਤੁਸੀਂ ਚੰਗੇ ਕੰਮ ਕਰਦੇ ਹੋ, ਤਾਂ ਉਨ੍ਹਾਂ ਲਈ ਤੁਸੀਂ ਤਾਰੀਫ਼ ਦੇ ਕਾਬਲ ਹੋ, ਪਰ ਬਾਈਬਲ ਦੱਸਦੀ ਹੈ ਕਿ ਉਹ ਤਾਂ ਤੁਹਾਨੂੰ ਕਰਨੇ ਹੀ ''ਚਾਹੀਦੇ ਹਨ'' (ਵੇਖੋ ਲੂਕਾ 17:10)। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਹੈ ਕਿ ਤੁਹਾਡੇ ਪਿਛਲੇ ਕੰਮਾਂ ਦੀ ਭਰਪਾਈ ਹੋ ਗਈ ਹੈ ਜਿਸ ਵਿਚ ਤੁਸੀਂ ਉਹ *ਨਹੀਂ* ਕੀਤਾ ਜੋ ਤੁਹਾਡੇ ਲਈ ''ਕਰਨਾ ਜ਼ਰੂਰੀ'' ਸੀ।

ਅਸੀਂ ਪ੍ਰਮੇਸ਼ਵਰ ਦੇ ਹੁਕਮ ਨੂੰ ਤੋੜਿਆ ਹੈ, ਇਸ ਲਈ ਸਾਨੂੰ ਆਪਣੇ ਪਾਪਾਂ ਦੇ ਬਦਲੇ ਕੀ ਮਿਲਣਾ ਚਾਹੀਦਾ ਹੈ? ਬਾਈਬਲ ਇਸ ਬਾਰੇ ਸਪਸ਼ਟ ਕਰਦੀ ਹੈ: ''ਪਾਪ ਦੀ ਮਜ਼ਦੂਰੀ ਤਾਂ ਮੌਤ ਹੈ'' (ਰੋਮੀਆਂ 6:23ੳ)। ''ਮੌਤ'' ਸ਼ਬਦ ਦੀ ਬਾਈਬਲ ਵਿਚ ਹੋਈ ਵਰਤੋਂ ਮੁਤਾਬਕ

ਤਾਂ ਉਸ ਦਾ ਅਰਥ ਹੈ *ਵੱਖ* ਹੋਣਾ। ਸਰੀਰਕ ਮੌਤ ਦੇਹ ਨਾਲੋਂ ਆਤਮਾ ਦਾ ਵੱਖ ਹੋਣਾ (ਵੇਖੋ ਯਾਕੂਬ 2:26) ਹੈ। ਆਤਮਿਕ ਮੌਤ ਦਾ ਅਰਥ ਮਨੁੱਖ ਦਾ ਪਾਪ ਦੇ ਕਾਰਣ ਪ੍ਰਮੇਸ਼ਵਰ ਤੋਂ ਵੱਖ ਹੋਣਾ ਹੈ (ਯਸਾਯਾਹ 59:1, 2)। ਅਨੰਤ ਜਾਂ ਹਮੇਸ਼ਾ ਦੀ ਮੌਤ ਪ੍ਰਮੇਸ਼ਵਰ ਨਾਲੋਂ ਅਨੰਤ ਕਾਲ ਲਈ ਵੱਖ ਹੋਣਾ ਹੈ (2 ਥੱਸਲੁਨੀਕੀਆਂ 1:9)।

ਪਾਪ ਦੇ ਕਾਰਣ ਸਾਡੀ ਜ਼ਿੰਦਗੀ ਵਿਚ ਰੂਹਾਨੀ ਮੌਤ ਆਉਂਦੀ ਹੈ (ਅਫ਼ਸੀਆਂ 2:1)। ਜੇ ਯਿਸੂ ਦੇ ਲਹੂ ਰਾਹੀਂ ਪਾਪ ਨੂੰ ਮਿਟਾਇਆ ਨਾ ਜਾਵੇ, ਤਾਂ ਉਹ ਹਮੇਸ਼ਾ ਦੀ ਮੌਤ ਦਾ ਕਾਰਣ ਬਣ ਜਾਵੇਗਾ (ਪ੍ਰਕਾਸ਼ ਦੀ ਪੋਥੀ 20:14, 15)। ਯਿਸੂ ਨੇ ਲੋਕਾਂ ਨੂੰ ਦੱਸਿਆ ਕਿ ਜੇ ਉਹ ਆਪਣੇ ਪਾਪਾਂ ਵਿਚ ਮਰ ਜਾਂਦੇ ਹਨ ਤਾਂ ਉਹ ਉੱਥੇ ਨਹੀਂ ਜਾ ਸਕਦੇ ਜਿੱਥੇ ਉਹ ਜਾ ਰਿਹਾ ਸੀ (ਯਾਨੀ ਸਵਰਗ ਵਿਚ; ਵੇਖੋ ਯੂਹੰਨਾ 8:24; 14:2-6)।

ਅੱਜ ਸ਼ਾਂਤੀ, ਕੈਂਸਰ ਦਾ ਇਲਾਜ, ਭੁੱਖਿਆਂ ਲਈ ਖਾਣਾ ਆਦਿ ਲੋਕਾਂ ਦੀਆਂ ਅਨੇਕਾਂ ਲੋੜਾਂ ਹਨ ਪਰ ਸੰਸਾਰ ਦੀ ਸਭ ਤੋਂ ਵੱਡੀ ਲੋੜ ਪ੍ਰਮੇਸ਼ਵਰ ਹੈ। ਜਦ ਤਕ ਕੋਈ ਇਹ ਨਹੀਂ ਮੰਨਦਾ ਕਿ ਉਹ ਪਾਪੀ ਹੈ ਅਤੇ ਇਹ ਕਿ ਉਹ ਆਪਣੇ ਆਪ ਨੂੰ ਖੁਦ ਨਹੀਂ ਬਚਾ ਸਕਦਾ, ਤਦ ਤਕ ਉਹਦੀ ਰੂਹ ਲਈ ਕੋਈ ਆਸ ਨਹੀਂ ਹੈ। ਮੈਂ ਫੇਰ ਦੁਹਰਾਉਂਦਾ ਹਾਂ ਕਿ ਜਦ ਤਕ ਤੁਸੀਂ *ਆਪਣੇ ਗੁਆਚੇ ਹੋਏ ਹੋਣ ਦੀ ਹਾਲਤ ਨੂੰ ਕਬੂਲਦੇ ਨਹੀਂ,* ਤਦ ਤਕ ਤੁਸੀਂ ਆਪਣੇ ਬਚਾਏ ਜਾਣ ਲਈ ਤਿਆਰ ਨਹੀਂ ਹੋ।

ਜੇ ਤੁਸੀਂ ਆਪਣੀ ਮੁਕਤੀ ਜਾਂ ਬਚਾਏ ਜਾਣ ਦੀ ਲੋੜ ਨੂੰ ਸੱਚਮੁੱਚ ਸਮਝਦੇ ਹੋ, ਤਾਂ ਪੜ੍ਹਦੇ ਰਹੋ।

## ਕਿਰਪਾ ਨਾਲ ਬਚਾਏ ਗਏ

ਅਨੁਵਾਦ ਹੋਏ ਸ਼ਬਦ ''ਕਿਰਪਾ'' ਜਾਂ ਫ਼ਜ਼ਲ ਦਾ ਸਬੰਧ ''ਦਾਨ'' ਸ਼ਬਦ ਨਾਲ ਹੈ। ''ਕਿਰਪਾ'' ਉਹ ਹੈ ਜਿਸ ਨੂੰ ਦਾਨ ਦੇ ਤੌਰ ਤੇ ਦਿੱਤਾ ਜਾਂਦਾ ਹੈ, ਦੂਜੇ ਸ਼ਬਦਾਂ ਵਿਚ ਕੁਝ ਅਜਿਹਾ ਜਿਹਨੂੰ ਕਮਾਇਆ ਨਾ ਗਿਆ ਹੋਵੇ। ਯਾਨੀ ਅਜਿਹੀ ਦਇਆ ਜਿਸ ਦੇ ਕੋਈ ਯੋਗ ਨਾ ਹੋਵੇ। ਇਸ ਦੀ ਪਰਿਭਾਸ਼ਾ ਜੋ ਮੈਨੂੰ ਪਸੰਦ ਹੈ ਉਹ ਹੈ ''ਜਿਹਦੀ ਤੁਹਾਨੂੰ ਲੋੜ ਤਾਂ ਹੈ, ਪਰ ਤੁਸੀਂ ਉਹਦੇ ਹੱਕਦਾਰ ਨਹੀਂ ਹੋ।''

ਅਸੀਂ ਪਾਪੀ ਹਾਂ, ਇਸ ਲਈ ਸਾਨੂੰ ਬਚਾਏ ਜਾਣ ਦੀ *ਲੋੜ* ਹੈ ਪਰ ਅਸੀਂ ਉਸ ਨਜਾਤ ਜਾਂ ਮੁਕਤੀ ਦੇ *ਹੱਕਦਾਰ* ਨਹੀਂ ਹਾਂ। ਇਸ ਕਰਕੇ, ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ, ਤਾਂ ਇਹ ਪ੍ਰਮੇਸ਼ਵਰ ਦੀ *ਕਿਰਪਾ* ਨਾਲ ਹੀ ਹੋ ਸਕਦਾ ਹੈ। ਅਫ਼ਸੀਆਂ 2:8 ਅਤੇ ਹੋਰ ਆਇਤਾਂ ਵਿਚ ਇਹ ਜ਼ੋਰ ਦਿੱਤਾ ਗਿਆ ਹੈ ਕਿ ਮਸੀਹੀ ਲੋਕ ''ਕਿਰਪਾ ਨਾਲ'' ਹੀ ਬਚਾਏ ਗਏ ਹਨ।

ਪ੍ਰਮੇਸ਼ਵਰ ਦੀ ਕਿਰਪਾ ਦੀ ਸਭ ਤੋਂ ਵੱਡੀ ਖ਼ਾਸੀਅਤ ਉਹਦੇ ਪੁੱਤਰ ਦਾ ਦਾਨ ਹੈ। ਤੁਸੀਂ ਇਹ ਸੁਨਹਿਰੀ ਆਇਤ ਸੁਣੀ ਹੋਵੇਗੀ: ''ਕਿਉਂਕਿ ਪ੍ਰਮੇਸ਼ਵਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ'' (ਯੂਹੰਨਾ 3:16)। ਪ੍ਰਮੇਸ਼ਵਰ ਨੇ ਜਗਤ ਨਾਲ ਐਨਾ ਪਿਆਰ ਕੀਤਾ-ਪ੍ਰਮੇਸ਼ਵਰ ਨੇ *ਤੁਹਾਡੇ* ਨਾਲ ਐਨਾ ਪਿਆਰ ਕੀਤਾ ਕਿ ਤੁਹਾਡੇ ਪਾਪਾਂ ਲਈ ਉਹ ਆਪਣੇ ਪੁੱਤਰ ਯਿਸੂ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਗਿਆ। ਮੇਰੀਆਂ ਤਿੰਨ ਬੇਟੀਆਂ ਅਤੇ ਦੋ ਦੋਹਤੀਆਂ ਹਨ, ਪਰ ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਦੇਣਾ ਨਹੀਂ ਚਾਹਾਂਗਾ।

ਪ੍ਰਮੇਸ਼ਵਰ ਦਾ ਇੱਕੋ ਹੀ ਪੁੱਤਰ ਸੀ, ਪਰ ਉਹਨੇ ਉਹ ਵੀ ਸਾਡੇ ਲਈ ਦੇ ਦਿੱਤਾ।

ਪੌਲੁਸ ਨੇ ਲਿਖਿਆ ਹੈ, ''ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ। ... ਪ੍ਰਮੇਸ਼ਵਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ'' (ਰੋਮੀਆਂ 5:6-8)।

ਯਿਸੂ ਇਸ ਸੰਸਾਰ ਵਿਚ ਕਈ ਕਾਰਣਾਂ ਕਰਕੇ ਆਇਆ: ਸਾਨੂੰ ਪ੍ਰਮੇਸ਼ਵਰ ਦੀ ਸਿੱਖਿਆ ਦੇਣ ਲਈ (ਯੂਹੰਨਾ 3:2), ਲੋਕਾਂ ਦੀ ਮਦਦ ਕਰਨ ਲਈ (ਮੱਤੀ 20:28), ਉਹਦੇ ਮਗਰ ਚੱਲਣ ਲਈ ਸਾਨੂੰ ਇਕ ਸੰਪੂਰਣ ਨਮੂਨਾ ਦੇਣ ਲਈ (1 ਪਤਰਸ 2:21)। ਪਰ ਸਭ ਤੋਂ ਵਧ ਕੇ ਉਹ ''ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ'' ਸੀ (ਲੂਕਾ 19:10)। ਇਸ ਮਕਸਦ ਨੂੰ ਪੂਰਾ ਕਰਨ ਲਈ ਉਹਦਾ ਸਲੀਬ ਉੱਤੇ ਮਰਨਾ ਜ਼ਰੂਰੀ ਸੀ: ''... ਬਿਨਾਂ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ'' (ਇਬਰਾਨੀਆਂ 9:22)।

ਬਿਨਾਂ ਯਿਸੂ ਦੇ ਆਪਣਾ ਖੂਨ ਵਹਾਏ ਮਾਫ਼ੀ ਕਿਉਂ ਨਹੀਂ ਹੋ ਸਕਦੀ ਸੀ? ਇਸ ਸਵਾਲ ਦਾ ਜਵਾਬ ਪ੍ਰਮੇਸ਼ਵਰ ਦੇ ਸੁਭਾਅ ਵਿਚ ਮਿਲਦਾ ਹੈ। ਕਿਉਂਕਿ ਅਸੀਂ ਪ੍ਰਮੇਸ਼ਵਰ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦੇ,[6] ਇਸ ਲਈ ਅਸੀਂ ਪੂਰੀ ਤਰ੍ਹਾਂ ਨਾਲ ਉਹਦੀਆਂ ਯੋਜਨਾਵਾਂ ਅਤੇ ਮਕਸਦਾਂ ਨੂੰ ਵੀ ਨਹੀਂ ਸਮਝ ਸਕਦੇ (1 ਕੁਰਿੰਥੀਆਂ 2:16)। ਜਿਸ ਵਿਚ ਸਲੀਬ ਦੀ ਯੋਜਨਾ ਵਿਚ ਮਿਲਣ ਵਾਲੀਆਂ ਗੱਲਾਂ ਵੀ ਸ਼ਾਮਲ ਸਨ। ਫਿਰ ਵੀ, ਇਸ ਸਵਾਲ ਤੇ ਵਿਚਾਰ ਕਰਨਾ ਬੜਾ ਜ਼ਰੂਰੀ ਹੈ।

ਇਨ੍ਹਾਂ ਗੱਲਾਂ ਤੇ ਗੌਰ ਕਰੋ: ਪ੍ਰਮੇਸ਼ਵਰ ਧਰਮੀ ਪ੍ਰਮੇਸ਼ਵਰ ਹੈ (ਜ਼ਬੂਰ 89:14)। ਪਵਿੱਤਰ ਪ੍ਰਮੇਸ਼ਵਰ ਹੋਣ ਕਰਕੇ, ਉਹ ਪਾਪ ਨੂੰ ਬਰਦਾਸ਼ਤ ਨਹੀਂ ਕਰ ਸਕਦਾ (ਯਸਾਯਾਹ 6:3) ਅਤੇ ਧਰਮੀ ਹੋਣ ਲਈ, ਉਹਦੇ ਲਈ ਪਾਪ ਨੂੰ ਸਜ਼ਾ ਦੇਣਾ ਜ਼ਰੂਰੀ ਹੈ। ਸਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਪ੍ਰਮੇਸ਼ਵਰ ਸਾਡੇ ਨਾਲ ਪਿਆਰ ਕਰਦਾ ਹੈ (1 ਯੂਹੰਨਾ 4:8)। ਜੇ ਉਹ ਸਿਰਫ਼ ਨਿਆਂ ਕਰਨ ਵਾਲਾ ਪ੍ਰਮੇਸ਼ਵਰ ਹੀ ਹੁੰਦਾ, ਤਾਂ ਅਸੀਂ ਸਾਰੇ ਨਾਸ ਹੋ ਗਏ ਹੁੰਦੇ ਅਤੇ ਗੁਆਚੇ ਹੋਏ ਹੁੰਦੇ ਕਿਉਂਕਿ ਅਸਾਂ ਸਭਨਾਂ ਨੇ ਪਾਪ ਕੀਤਾ ਹੈ। ਪਿਆਰ ਕਰਨ ਵਾਲਾ ਪ੍ਰਮੇਸ਼ਵਰ ਹੋਣ ਕਰਕੇ, ਉਹ ਨਹੀਂ ਚਾਹੁੰਦਾ ਕਿ ਕਿਸੇ ਦਾ ਵੀ ਨਾਸ ਹੋਵੇ (2 ਪਤਰਸ 3:9); ਸੋ ਉਹਨੇ ਸਾਡੀ ਥਾਂ ਦੁੱਖ ਸਹਿਣ ਲਈ ਆਪਣੇ ਪੁੱਤਰ ਨੂੰ ਭੇਜ ਦਿੱਤਾ। ਵਿਸ਼ਵਾਸ ਨਾਲ ਮੈਂ ਇਹ ਗੱਲ ਮੰਨਦਾ ਹਾਂ ਕਿ ਯਿਸੂ ਨੇ ਸਲੀਬ ਉੱਤੇ ਮਰ ਕੇ, ਮੇਰੇ ਅਤੇ ਤੁਹਾਡੇ ਪਾਪਾਂ ਦੀ ਸਜ਼ਾ ਆਪਣੇ ਉੱਪਰ ਲੈ ਲਈ।

> ... ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ (1 ਕੁਰਿੰਥੀਆਂ 15:3)।
>
> ਉਸ [ਪ੍ਰਮੇਸ਼ਵਰ] ਨੇ ਉਸ [ਯਿਸੂ] ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪ੍ਰਮੇਸ਼ਵਰ ਦਾ ਧਰਮ ਬਣੀਏ (2 ਕੁਰਿੰਥੀਆਂ 5:21)।
>
> ਅਸੀਂ ਸਾਰੇ ਭੇਡਾਂ ਵਾਂਙੂ ਭੁੱਲੇ ਫਿਰਦੇ ਸਾਂ, ਅਸੀਂ ਆਪਣੇ ਆਪਣੇ ਰਾਹਾਂ ਨੂੰ ਮੁੜੇ ਅਤੇ ਯਹੋਵਾਹ ਨੇ ਸਾਡੀ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ (ਯਸਾਯਾਹ 53:6)।

ਜੇ ਯਿਸੂ ਸਿਰਫ਼ ਮਨੁੱਖ ਹੀ ਹੁੰਦਾ, ਭਾਵੇਂ ਸੰਪੂਰਣ ਮਨੁੱਖ ਹੀ ਕਿਉਂ ਨਾ ਹੋਵੇ, ਤਾਂ ਵੀ ਉਹਦੀ ਮੌਤ ਕਦੇ ਵੀ ਪਾਪ ਦਾ ਪ੍ਰਾਸ਼ਚਿਤ ਨਹੀਂ ਹੋ ਸਕਦੀ ਸੀ। ਸਾਰੀ ਮਨੁੱਖ ਜਾਤੀ ਦੇ ਪਾਪਾਂ ਨੂੰ ਆਪਣੇ ਉੱਤੇ ਸਿਰਫ਼ ਪ੍ਰਮੇਸ਼ਵਰ ਦਾ ਪਾਪ ਰਹਿਤ ਪੁੱਤਰ ਹੀ ਲੈ ਸਕਦਾ ਸੀ। ਕਈ ਵੱਡੇ-ਵੱਡੇ ਧਾਰਮਿਕ ਗੁਰੂ ਹੋਏ ਹਨ, ਪਰ ਮੁਕਤੀਦਾਤਾ ਸਿਰਫ਼ ਇੱਕੋ ਹੀ ਹੈ ਅਤੇ ਉਹ ਯਿਸੂ ਮਸੀਹ ਹੈ। ਯਿਸੂ ਨੇ ਕਿਹਾ ਸੀ, ''*ਰਾਹ* ਅਤੇ *ਸਚਿਆਈ* ਅਤੇ *ਜੀਉਣ* ਮੈਂ ਹਾਂ । ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)।[7]

ਮੁਕਤੀ ਪਾਉਣ ਲਈ, ਤੁਹਾਡੇ ਲਈ ਤਿੰਨ ਅਹਿਮ ਸੱਚਾਈਆਂ ਨੂੰ ਕਬੂਲ ਕਰਨਾ ਜ਼ਰੂਰੀ ਹੈ: (1) ਯਿਸੂ ਪ੍ਰਮੇਸ਼ਵਰ ਦਾ ਰੱਬੀ ਪੁੱਤਰ ਹੈ।[8] (2) ਮਸੀਹ ਤੁਹਾਡੇ ਲਈ ਸਲੀਬ ਉੱਤੇ ਮਰਿਆ। (3) ਤੁਸੀਂ ਆਪਣੀ ਮੁਕਤੀ ਆਪੇ ਨਹੀਂ ਕਰ ਸਕਦੇ; ਤੁਹਾਡੀ ਮੁਕਤੀ ਸਿਰਫ਼ ਯਿਸੂ ਦੀ ਕੁਰਬਾਨੀ ਦੇ ਰਾਹੀਂ ਹੋ ਸਕਦੀ ਹੈ।

## ਸਾਰ

ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਪੜ੍ਹੇ ਲਿਖੇ ਹੋ ਜਾਂ ਅਨਪੜ੍ਹ, ਅਮੀਰ ਹੋ ਜਾਂ ਗ਼ਰੀਬ, ਖ਼ੂਬਸੂਰਤ ਹੋ ਜਾਂ ਬਦਸੂਰਤ, ਤੁਹਾਡੀ ਚਮੜੀ ਦਾ ਰੰਗ ਗੋਰਾ ਹੈ ਜਾਂ ਕਾਲਾ, ਜ਼ਿੰਦਗੀ ਵਿਚ ਕਾਮਯਾਬ ਹੋ ਜਾਂ ਨਹੀਂ (ਇਨਸਾਨੀ ਮਾਪਦੰਡਾਂ ਮੁਤਾਬਕ); *ਪ੍ਰਮੇਸ਼ਵਰ ਤੁਹਾਡੇ ਨਾਲ ਪਿਆਰ ਕਰਦਾ ਹੈ।* ਉਹ ਤੁਹਾਡੇ ਨਾਲ ਐਨਾ ਪਿਆਰ ਕਰਦਾ ਹੈ ਕਿ ਤੁਹਾਡੇ ਲਈ ਹੀ ਉਹਨੇ ਆਪਣੇ ਪਿਆਰੇ ਪੁੱਤਰ ਨੂੰ ਮਰਨ ਲਈ ਭੇਜ ਦਿੱਤਾ। ਜੇ ਤੁਸੀਂ ਪਹਿਲਾਂ ਨਹੀਂ ਪੜ੍ਹਿਆ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਇਹ ਕਿਤਾਬ ਇੱਥੇ ਹੀ ਛੱਡ ਕੇ ਸਲੀਬ ਉੱਤੇ ਯਿਸੂ ਦੀ ਮੌਤ ਅਤੇ ਉਹਦੇ ਜੀ ਉੱਠਣ ਦੇ ਇਨ੍ਹਾਂ ਵਿਰਤਾਂਤਾਂ ਨੂੰ ਪੜ੍ਹੋ (ਮੱਤੀ 26-28; ਮਰਕੁਸ 14-16; ਲੂਕਾ 22-24; ਯੂਹੰਨਾ 18-21)।

ਪੌਲੁਸ ਲਿਖਦਾ ਹੈ, ''ਹੁਣ ਜਿਹੜਾ ਜੀਵਨ ਸਰੀਰ ਵਿਚ ਭੋਗਦਾ ਹਾਂ ਸੋ ਪ੍ਰਮੇਸ਼ਵਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ'' (ਗਲਾਤੀਆਂ 2:20ਅ)। ਇਨ੍ਹਾਂ ਸ਼ਬਦਾਂ ਨੂੰ ਉੱਚੀ ਉੱਚੀ ਕਹੋ: ''ਯਿਸੂ ਮੈਨੂੰ ਪਿਆਰ ਕਰਦਾ ਹੈ, ਅਤੇ ਉਹਨੇ ਮੇਰੇ ਲਈ ਆਪਣੇ ਆਪ ਨੂੰ ਦੇ ਦਿੱਤਾ।'' ਇਨ੍ਹਾਂ ਸ਼ਬਦਾਂ ਨੂੰ ਮਾਣੋ। ਇਹ ਸੱਚਮੁੱਚ ਹਕੀਕਤ ਹੈ।

---

ਟਿੱਪਣੀਆਂ

[1]ਉਦਾਹਰਣ ਲਈ, ਕਿਸੇ ਆਦਮੀ ਦੇ ਖ਼ਤਰਨਾਕ ਅਪਰਾਧ ਕਰਨ ਤੇ, ਉਹਦੇ ਬੱਚਿਆਂ ਨੂੰ ਸ਼ਰਮਿੰਦਗੀ ਅਤੇ ਬੇਇੱਜ਼ਤੀ (ਉਹਦੀ ਕਰਤੂਤ ਕਰਕੇ) ਸਹਿਣੀ ਪੈ ਸਕਦੀ ਹੈ, ਪਰ ਆਪਣੇ ਉਸ ਜੁਰਮ ਲਈ ਜੇਲ੍ਹ ਸਿਰਫ਼ ਉਹੀ ਜਾਵੇਗਾ। (ਕਿਉਂਕਿ *ਮੁਜਰਮ* ਸਿਰਫ਼ ਉਹੀ ਹੋਵੇਗਾ।) [2]ਇਕ ਯਹੂਦੀ ਮੁੰਡਾ ਆਪਣੇ ਤੇਰ੍ਹਵੇਂ ਜਨਮ ਦਿਨ ਤੇ ਬਾਰ ਮਿਤਜ਼ਵਾ ਮਨਾਉਂਦਾ ਹੈ (''ਬਾਰ ਮਿਤਜ਼ਵਾ'' ਦਾ ਅਰਥ ਹੈ ''ਆਗਿਆ [ਜਾਂ ਸ਼ਰ੍ਹਾ] ਦਾ ਪੁੱਤਰ'')। ਯਿਸੂ ਬਾਰਾਂ ਸਾਲ ਦੀ ਉਮਰ ਵਿਚ ਪਸਾਹ ਦੇ ਤਿਉਹਾਰ ਤੇ ਗਿਆ (ਲੂਕਾ 2:41, 42)। [3]ਵੱਖ-ਵੱਖ ਅਨੁਵਾਦਾਂ ਵਿਚ ''ਅਪਰਾਧ'' ਲਈ ਬਹੁਤ ਸਾਰੇ ਯੂਨਾਨੀ ਸ਼ਬਦ ਹਨ; ਪਰ ਮੈਂ ਗਲਾਤੀਆਂ 3:19 ਵਿਚ ਵਰਤੇ ਯੂਨਾਨੀ ਸ਼ਬਦ ਨੂੰ ਲੈ ਰਿਹਾ ਹਾਂ, ਜਿਹਦਾ ਅਰਥ ਪੰਜਾਬੀ ਸ਼ਬਦ ਵਾਂਗ ਹੀ ਹੈ। [4]ਵੇਖੋ ਰੋਮੀਆਂ 7:19, 20. [5]ਪਾਪ ਲਈ ਇਕ ਹੋਰ

ਸਮਾਨਾਰਥਕ ਸ਼ਬਦ ਹੈ ‘‘[ਪ੍ਰਮੇਸ਼ਵਰ ਦੀ] ਸ਼ਰ੍ਹਾ ਦਾ ਉਲਟ।’’ (ਵੇਖੋ 1 ਯੂਹੰਨਾ 3:4.) ਹੋਰ ਵੀ ਮਿਲਦੇ ਜੁਲਦੇ ਸ਼ਬਦ ਹਨ ਜਿਵੇਂ ‘‘ਦੁਸ਼ਟਤਾ’’ ਅਤੇ ‘‘ਅਣਆਗਿਆਕਾਰੀ’’; ਪਰ ਪਾਪ ਦੇ ਦਾਇਰੇ ਨੂੰ ਸਮਝਾਉਣ ਲਈ ਮੈਂ ‘‘ਪਾਪ,’’ ‘‘ਅਪਰਾਧ,’’ ਅਤੇ ‘‘ਕੁਧਰਮ’’ ਆਦਿ ਸ਼ਬਦਾਂ ਨੂੰ ਹੀ ਚੁਣਿਆ ਹੈ।[6]ਪ੍ਰਮੇਸ਼ਵਰ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਖੁਦ ਖ਼ੁਦਾ ਬਣਨਾ ਪਵੇਗਾ।[7]ਤਿਰਛੇ ਜਾਂ ਇਟੈਲਿਕ ਕਰਨ ਨਾਲ ਜ਼ੋਰ ਦੇਣ ਦਾ ਸੰਕੇਤ ਮੂਲ ਲਿਖਤ ਵਿਚ ਮਿਲਦਾ ਹੈ।[8]ਇਸ ਵਿਚ ਯਿਸੂ ਦੇ ਜੀ ਉੱਠਣ ਵਿਚ ਵਿਸ਼ਵਾਸ ਸ਼ਾਮਲ ਹੈ (ਵੇਖੋ ਰੋਮੀਆਂ 10:9)। ਕਾਗਜ਼ ਦੀ ਕਮੀ ਸਾਨੂੰ ਜੀ ਉੱਠਣ ਬਾਰੇ ਹੋਰ ਵਿਸਤਾਰ ਵਿਚ ਦੱਸਣ ਦੀ ਇਜਾਜ਼ਤ ਨਹੀਂ ਦਿੰਦੀ, ਜੋ ਕਿ ਆਪਣੇ ਆਪ ਵਿਚ ਲੂੰ ਕੰਡੇ ਖੜੇ ਕਰਨ ਵਾਲਾ ਅਧਿਐਨ ਹੋਵੇਗਾ। ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਕਿ ਯਿਸੂ ਖ਼ੁਦਾ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਇਸ ਅਹਿਮ ਵਿਸ਼ੇ ਤੇ ਅਧਿਐਨ ਕਰੋ। ਜੇ ਤੁਸੀਂ ਅਧਿਐਨ ਨਹੀਂ ਕੀਤਾ, ਤਾਂ ਇਸ ਕਿਤਾਬ ਦੇ ਵਧੀਕ ਲੇਖ ‘‘ਵਿਸ਼ਵਾਸ ਕਰਨ ਦੀ ਚੁਣੌਤੀ’’ ਨੂੰ ਪੜ੍ਹੋ। ਨਾਲ ਹੀ ਮੈਂ ਚਾਹਾਂਗਾ ਕਿ ਇਸ ਵਿਸ਼ੇ ਤੇ ਉਸ ਆਦਮੀ ਨਾਲ ਗੱਲ ਕਰੋ ਜਿਸ ਨੇ ਤੁਹਾਨੂੰ ਇਹ ਕਿਤਾਬ ਦਿੱਤੀ ਸੀ। ਫੇਰ, ਇਹ ਹੋ ਸਕਦਾ ਹੈ ਕਿ ਤੁਹਾਡੀ ਵੱਡੀ ਲੋੜ ਉਸ ਗੱਲ ਤੋਂ ਹੋਰ ਜਾਣੂ ਹੋਣ ਦੀ ਹੋਵੇ ਜਿਹੜੀ ਯਿਸੂ ਬਾਰੇ ਬਾਈਬਲ ਦੱਸਦੀ ਹੈ (ਵੇਖੋ ਯੂਹੰਨਾ 20:30, 31)। ਯਿਸੂ ਵਿਚ ਆਪਣੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ, ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ, ਜੋ ਯਿਸੂ ਦੇ ਜੀਵਨ ਬਾਰੇ ਦੱਸਦੀਆਂ ਹਨ, ਪੜ੍ਹਨ ਲਈ ਜਿੰਨਾਂ ਵੀ ਹੋ ਸਕੇ ਸਮਾਂ ਲਗਾਓ।